# Visit of Minister of State for External Affairs and Culture Smt. Meenakashi Lekhi to Norway, Iceland and Malta (August 16-23, 2022)

August 24, 2022

………………………

## ਵਿਦੇਸ਼ ਅਤੇ ਸੱਭਿਆਚਾਰ ਰਾਜ ਮੰਤਰੀ ਸ਼੍ਰੀਮਤੀ ਮੀਨਾਕਸ਼ੀ ਲੇਖੀ ਵੱਲੋਂ ਨਾਰਵੇ, ਆਈਸਲੈਂਡ ਅਤੇ ਮਾਲਟਾ ਦਾ ਦੌਰਾ (16-23 ਅਗਸਤ, 2022)

**24 ਅਗਸਤ, 2022**

1. ਵਿਦੇਸ਼ ਮਾਮਲੇ ਅਤੇ ਸੱਭਿਆਚਾਰ ਰਾਜ ਮੰਤਰੀ (MoS) ਸ਼੍ਰੀਮਤੀ ਮੀਨਾਕਸ਼ੀ ਲੇਖੀ ਨੇ 16-23 ਅਗਸਤ 2022 ਤੱਕ ਨਾਰਵੇ, ਆਈਸਲੈਂਡ ਅਤੇ ਮਾਲਟਾ ਦਾ ਦੌਰਾ ਕੀਤਾ।

2. ਨਾਰਵੇ ਦੇ ਆਪਣੇ ਦੌਰੇ ਦੌਰਾਨ (16-18 ਅਗਸਤ) ਰਾਜ ਮੰਤਰੀ ਨੇ ਵਿਦੇਸ਼ ਮਾਮਲਿਆਂ ਦੀ ਮੰਤਰੀ ਸ਼੍ਰੀਮਤੀ ਐਨੀਕੇਨ ਹਿਊਟਫੀਲਡ, ਸਕੱਤਰ ਜਨਰਲ ਸ਼੍ਰੀ ਟੋਰੇ ਹੈਟਰਮ ਅਤੇ ਮੰਤਰਾਲੇ ਵਿੱਚ ਨਾਰਵੇ ਦੇ ਵਿਦੇਸ਼ੀ ਮਾਮਲਿਆਂ ਦੇ ਰਾਜ ਸਕੱਤਰ ਸ਼੍ਰੀ ਅਰਲਿੰਗ ਰਿਮੇਸਟੈਡ ਨਾਲ ਮੁਲਾਕਾਤ ਕੀਤੀ। ਇਨ੍ਹਾਂ ਬੈਠਕਾਂ ਵਿੱਚ ਦੌਰਾਨ ਵਪਾਰ ਅਤੇ ਨਿਵੇਸ਼, ਨੀਲੀ ਆਰਥਿਕਤਾ, ਊਰਜਾ, ਆਰਕਟਿਕ ਖੇਤਰ, ਸੱਭਿਆਚਾਰਕ ਅਤੇ ਲੋਕ-ਪੱਧਰੀ ਸਬੰਧਾਂ ਦੇ ਮਾਮਲੇ 'ਚ ਸਹਿਯੋਗ ਬਾਰੇ ਚਰਚਾ ਕੀਤੀ ਗਈ। ਆਪਸੀ ਹਿੱਤਾਂ ਦੇ ਖੇਤਰੀ ਅਤੇ ਆਲਮੀ ਮੁੱਦਿਆਂ 'ਤੇ ਵੀ ਚਰਚਾ ਕੀਤੀ ਗਈ।

3. 17 ਅਗਸਤ ਨੂੰ ਰਾਜ ਮੰਤਰੀ ਨੇ ਜਲਵਾਯੂ ਅਤੇ ਵਾਤਾਵਰਣ ਮੰਤਰੀ ਸ਼੍ਰੀ ਐਸਪੇਨ ਬਾਰਥ ਈਡ ਨਾਲ ਭਾਰਤ-ਨਾਰਵੇ ਹਰੀ ਊਰਜਾ ਸਹਿਯੋਗ ਦੇ ਵਿਸ਼ੇ 'ਤੇ ਪੈਨਲ ਚਰਚਾ ਵਿੱਚ ਹਿੱਸਾ ਲਿਆ।

ਰਾਜ ਮੰਤਰੀ ਨੇ ਇਸ ਗੱਲਬਾਤ ਦੌਰਾਨ ਜਲਵਾਯੂ ਕਾਰਵਾਈ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਭਾਰਤ ਦੁਆਰਾ ਕੀਤੀ ਮਹੱਤਵਪੂਰਨ ਤਰੱਕੀ ਨੂੰ ਉਜਾਗਰ ਕੀਤਾ।

4. ਰਾਜ ਮੰਤਰੀ ਨੇ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ (ਨਾਰਵੇ ਦਾ ਪਹਿਲਾ ਗੁਰਦੁਆਰਾ) ਦੇ ਆਪਣੇ ਦੌਰੇ ਦੌਰਾਨ ਸਿੱਖ ਭਾਈਚਾਰੇ ਦੇ ਮੈਂਬਰਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਨੇ ਇੱਕ ਭਾਈਚਾਰਕ ਸਮਾਗਮ ਵਿੱਚ ਜੀਵੰਤ ਭਾਰਤੀ ਪਰਵਾਸੀ ਸਮੁਦਾਏ ਦੇ ਲਗਭਗ 150 ਪ੍ਰਮੁੱਖ ਮੈਂਬਰਾਂ ਨਾਲ ਵੀ ਗੱਲਬਾਤ ਕੀਤੀ। ਇਨ੍ਹਾਂ ਭਾਗੀਦਾਰਾਂ ਵਿੱਚ ਵਿਗਿਆਨੀ, ਆਈਟੀ ਪੇਸ਼ੇਵਰ, ਕਾਰੋਬਾਰੀ, ਨੌਜਵਾਨ ਅਤੇ ਵਿਦਿਆਰਥੀ ਸ਼ਾਮਲ ਸਨ। ਇਸ ਤੋਂ ਇਲਾਵਾ ਰਾਜ ਮੰਤਰੀ ਨੇ ਯੋਗ ਸਮਾਗਮ ਵਿੱਚ ਹਿੱਸਾ ਲਿਆ ਅਤੇ ਇਤਿਹਾਸਕ ਬੋਟੈਨੀਕਲ ਗਾਰਡਨ ਵਿੱਚ ਇੱਕ ਰੁੱਖ ਲਗਾਇਆ।

5. ਰਾਜ ਮੰਤਰੀ ਨੇ 19-20 ਅਗਸਤ 2022 ਨੂੰ ਆਈਸਲੈਂਡ ਦਾ ਦੌਰਾ ਕੀਤਾ। ਦੌਰੇ ਦੌਰਾਨ ਰਾਜ ਮੰਤਰੀ ਨੇ ਵਿਦੇਸ਼ ਮਾਮਲਿਆਂ ਦੀ ਮੰਤਰੀ ਸ਼੍ਰੀਮਤੀ ਥੋਰਡਿਸ ਕੋਲਬਰੂਨ ਗਿਲਫਾਡੋਟੀਰ ਨਾਲ ਮੁਲਾਕਾਤ ਕੀਤੀ ਅਤੇ ਦੁਵੱਲੇ ਸਬੰਧਾਂ ਦੇ ਨਾਲ-ਨਾਲ ਖੇਤਰੀ ਅਤੇ ਆਲਮੀ ਮੁੱਦਿਆਂ 'ਤੇ ਵਿਚਾਰ-ਵਟਾਂਦਰੇ ਕੀਤੇ। ਦੋਵੇਂ ਪੱਖਾਂ ਨੇ ਮੱਛੀ ਪਾਲਣ, ਭੂ-ਤਾਪ ਊਰਜਾ, ਨਵੀਨਤਾ, ਵਪਾਰ ਅਤੇ ਨਿਵੇਸ਼, ਸੈਰ-ਸਪਾਟਾ, ਸੱਭਿਆਚਾਰ ਅਤੇ ਲੋਕ -ਪੱਧਰੀ ਵਟਾਂਦਰੇ ਵਿੱਚ ਸਹਿਯੋਗ ਵਧਾਉਣ ਉੱਤੇ ਸਹਿਮਤੀ ਦਿੱਤੀ। ਰਾਜ ਮੰਤਰੀ ਨੇ ਆਈਸਲੈਂਡ ਦੀ ਸੱਭਿਆਚਾਰਕ ਅਤੇ ਵਪਾਰਕ ਮਾਮਲਿਆਂ ਦੀ ਮੰਤਰੀ ਸ਼੍ਰੀਮਤੀ ਲਿਲਜਾ ਅਲਫ੍ਰੇਡਸਡੋਟੀਰ ਨਾਲ ਵੀ ਮੁਲਾਕਾਤ ਕੀਤੀ ਅਤੇ ਯੋਗ, ਫਿਲਮਾਂ, ਸੰਗੀਤ, ਪ੍ਰਦਰਸ਼ਨ ਕਲਾ ਅਤੇ ਸੈਰ-ਸਪਾਟਾ ਵਿੱਚ ਵੱਧ ਰਹੇ ਸਹਿਯੋਗ ਬਾਰੇ ਚਰਚਾ ਕੀਤੀ। ਰਾਜ ਮੰਤਰੀ ਨੇ ਆਈਸਲੈਂਡ ਦੀ ਸੰਸਦ ਦੇ ਸਪੀਕਰ ਸ਼੍ਰੀ ਬਿਰਗੀਰ ਅਰਮਾਨਸਨ ਨਾਲ ਵੀ ਮੁਲਾਕਾਤ ਕੀਤੀ ਅਤੇ ਦੋਵਾਂ ਦੇਸ਼ਾਂ ਦਰਮਿਆਨ ਸੰਸਦੀ ਸਹਿਯੋਗ ਬਾਰੇ ਚਰਚਾ ਕੀਤੀ।

6. ਰਾਜ ਮੰਤਰੀ ਡਾਇਬਟੀਜ਼ ਦੇ ਮਰੀਜ਼ਾਂ ਲਈ ਪੇਸ਼ਨਗੋਈ ਕਰਨ ਵਾਲੀ ਅੱਖਾਂ ਦੀ ਜਾਂਚ ਦੇ ਖੇਤਰ ਵਿੱਚ ਸਥਾਨਕ ਹੈਲਥਟੈਕ ਕੰਪਨੀ ਰੈਟੀਨਾ ਰਿਸਕ ਅਤੇ ਸੰਕਰਾ ਨੇਤਰਾਲਿਆ ਵਿਚਕਾਰ ਇੱਕ ਸਮਝੌਤੇ 'ਤੇ ਹਸਤਾਖਰ ਹੋਣ ਸਮੇਂ ਮੌਜੂਦ ਸਨ।

7. ਰਾਜ ਮੰਤਰੀ ਨੇ ਆਈਸਲੈਂਡ ਯੂਨੀਵਰਸਿਟੀ ਨੂੰ "ਬਦਲਦੇ ਵਿਸ਼ਵ ਵਿੱਚ ਭਾਰਤ ਦੀ ਭੂਮਿਕਾ - ਭਾਰਤ@75" ਵਿਸ਼ੇ 'ਤੇ ਸੰਬੋਧਨ ਕੀਤਾ। ਇਸ ਮੌਕੇ ਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ, ਅਧਿਆਪਕ, ਖੋਜਕਰਤਾ ਅਤੇ ਨਿਵਾਸੀ ਡਿਪਲੋਮੈਟ ਮੌਜੂਦ ਸੀ । ਉਨ੍ਹਾਂ ਨੇ ਇੱਕ ਯੋਗ ਸਮਾਗਮ ਵਿੱਚ ਵੀ ਹਿੱਸਾ ਲਿਆ, ਜਨਮ ਅਸ਼ਟਮੀ ਮਨਾਈ ਅਤੇ ਭਾਰਤੀ ਦੂਤਾਵਾਸ ਦੇ ਅਹਾਤੇ ਵਿੱਚ ਇੱਕ ਰੁੱਖ ਦਾ ਬੂਟਾ ਲਗਾਇਆ। ਉਨ੍ਹਾਂ ਨੇ ਹਾਰਪਾ ਕੰਸਰਟ ਹਾਲ ਵਿੱਚ ਹੋਏ ਸੱਭਿਆਚਾਰਕ ਸਮਾਗਮ ਵਿੱਚ ਵੀ ਸ਼ਿਰਕਤ ਕੀਤੀ, ਜਿੱਥੇ ਵੱਡੀ ਗਿਣਤੀ ਵਿੱਚ ਭਾਰਤੀ ਭਾਈਚਾਰੇ ਦੇ ਮੈਂਬਰ ਮੌਜੂਦ ਸਨ। ਸੱਭਿਆਚਾਰ ਅਤੇ ਵਪਾਰਕ ਮਾਮਲਿਆਂ ਦੇ ਮੰਤਰੀ ਨੇ ਇਸ ਸਮਾਗਮ ਦੀ ਸ਼ੋਭਾ ਵਧਾਈ।

8. ਮਾਲਟਾ (21-23 ਅਗਸਤ) ਦੇ ਆਪਣੇ ਦੌਰੇ ਦੌਰਾਨ ਰਾਜ ਮੰਤਰੀ ਨੇ ਮਾਲਟਾ ਦੇ ਰਾਸ਼ਟਰਪਤੀ ਡਾ. ਜਾਰਜ ਵੇਲਾ, ਵਿਦੇਸ਼ ਮੰਤਰੀ ਡਾ: ਇਆਨ ਬੋਰਗ ਮਿਸਟਰ ਕਲੇਟਨ ਬਾਰਟੋਲੋ, ਸੈਰ-ਸਪਾਟਾ, ਰਾਸ਼ਟਰੀ ਵਿਰਾਸਤ, ਕਲਾ ਅਤੇ ਸਥਾਨਕ ਸਰਕਾਰ ਮੰਤਰੀ ਡਾ. ਓਵੇਨ ਬੋਨੀਸੀ ਨਾਲ ਮੁਲਾਕਾਤ ਕੀਤੀ। ਦੋਵਾਂ ਪੱਖਾਂ ਨੇ ਦੁਵੱਲੇ ਸਬੰਧਾਂ, ਖਾਸ ਤੌਰ 'ਤੇ ਵਪਾਰ ਅਤੇ ਨਿਵੇਸ਼, ਸਮੁੰਦਰੀ ਸਹਿਯੋਗ, ਸੂਰਜੀ ਊਰਜਾ, ਫਿਲਮਾਂ, ਸੈਰ-ਸਪਾਟਾ ਅਤੇ ਸੱਭਿਆਚਾਰ 'ਤੇ ਵਿਸਥਾਰਤ ਚਰਚਾ ਕੀਤੀ। ਮਾਲਟਾ ਦੇ ਪੱਖ ਨੇ ਮਾਲਟਾ ਵਿੱਚ ਮੌਜੂਦ 112 ਭਾਰਤੀ ਕੰਪਨੀਆਂ, ਜੋ ਮੁੱਖ ਤੌਰ 'ਤੇ ਫਾਰਮਾਸਿਊਟੀਕਲ ਅਤੇ ਆਈਸੀਟੀ ਖੇਤਰਾਂ ਵਿੱਚ ਹਨ, ਦੇ ਯੋਗਦਾਨ ਦੀ ਸ਼ਲਾਘਾ ਕੀਤੀ। ਸਿਹਤ ਅਤੇ ਫਿਨਟੈਕ ਸੈਕਟਰਾਂ ਦੀ ਪਹਿਚਾਣ ਭਵਿੱਖ ਦੇ ਸਹਿਯੋਗ ਲਈ ਖੇਤਰਾਂ ਵਜੋਂ ਕੀਤੀ ਗਈ। ਦੋਵਾਂ ਪੱਖਾਂ ਨੇ ਆਪਸੀ ਹਿੱਤਾਂ ਦੇ ਖੇਤਰੀ ਅਤੇ ਆਲਮੀ ਮੁੱਦਿਆਂ 'ਤੇ ਵੀ ਵਿਚਾਰ ਵਟਾਂਦਰਾ ਕੀਤਾ।

9. ਰਾਜ ਮੰਤਰੀ ਨੇ ਮੈਡੀਟੇਰੀਅਨ ਅਕੈਡਮੀ ਆਫ਼ ਡਿਪਲੋਮੈਟਿਕ ਸਟੱਡੀਜ਼ ਦੇ ਡਾਇਰੈਕਟਰ ਅਤੇ ਬੋਰਡ ਮੈਂਬਰਾਂ ਨਾਲ ਵੀ ਗੱਲਬਾਤ ਕੀਤੀ, ਜਿਸ ਦਾ ਸੁਸ਼ਮਾ ਸਵਰਾਜ ਇੰਸਟੀਚਿਊਟ ਆਫ਼ ਫਾਰੇਨ ਸਰਵਿਸ ਨਾਲ ਸਮਝੌਤਾ ਹੋਇਆ ਹੈ ਅਤੇ ਨਾਲ ਹੀ ਦੋਵਾਂ ਦੇਸ਼ਾਂ ਦੀਆਂ ਡਿਪਲੋਮੈਟਿਕ ਸੰਸਥਾਵਾਂ ਵਿਚਕਾਰ ਸਹਿਯੋਗ ਨੂੰ ਵਧਾਉਣ ਦੇ ਤਰੀਕਿਆਂ 'ਤੇ ਚਰਚਾ ਕੀਤੀ ਗਈ।

10. ਵਿਦੇਸ਼ ਮੰਤਰੀ ਦੇ ਸੱਦੇ 'ਤੇ ਰਾਜ ਮੰਤਰੀ ਨੇ ਡਿੰਗਲੀ ਫੈਸਟੀਵਲ ਅਤੇ ਇੱਕ ਭਾਈਚਾਰਕ ਸਮਾਗਮ ਵਿੱਚ ਹਿੱਸਾ ਲਿਆ ਜਿੱਥੇ ਉਨ੍ਹਾਂ ਨੇ ਭਾਰਤੀ ਪਰਵਾਸੀਆਂ ਨਾਲ ਗੱਲਬਾਤ ਕੀਤੀ। ਉਨ੍ਹਾਂ ਨੇ ਇੱਕ ਯੋਗ ਸਮਾਗਮ ਵਿੱਚ ਵੀ ਹਿੱਸਾ ਲਿਆ ਅਤੇ ਮਾਲਟਾ ਵਿੱਚ ਬਸਕੇਟ ਵੁੱਡਲੈਂਡਜ਼ ਵਿੱਚ ਇੱਕ ਰੁੱਖ ਦਾ ਬੂਟਾ ਲਗਾਇਆ।

ਨਵੀਂ ਦਿੱਲੀ

24 ਅਗਸਤ, 2022

DISCLAIMER: This is an approximate translation. The original is available in English on MEA’s website and may be referred to as the official press release.